adda247

# Rajasthan Public Service Commission - 2017

**Ques**: 150
**Time**: 150 Mins

**Paper** : Sr. Teacher Punjabi Exam 2016
Exam Date: 07.07.2017

---

Ques # :1

' ਸਭਹਿਨ ਕੇ ਸਿਰਮੌਰ ' ਲੇਖ ਸੰਬੰਧਿਤ ਹੈ –

1) ਸਿੱਖ ਸੁਧਾਰ ਲਹਿਰ
2) ਕੂਕਾ ਲਹਿਰ
3) ਅਕਾਲੀ ਲਹਿਰ
4) ਆਰੀਯਾ ਸਮਾਜ ਲਹਿਰ

---

Ques # :2

ਸ੍ਰੀ ਗੁਰੂ ਅਮਰਦਾਸ ਜੀ ਨੇ ਕਿੰਨੇ ਰਾਗਾਂ ਵਿੱਚ ਬਾਣੀ-ਰਚਨਾ ਕੀਤੀ-

1) ਪੰਦਰਾ
2) ਬਾਰਾਂ
3) ਗਿਆਰਾਂ
4) ਅਠਾਰਾਂ

adda247

---

Ques # :3

' ਉਹਨਾਂ ਨੇ ਆਪਸ ਵਿੱਚ ਸਮਝੌਤਾ ਕਰ ਲਿਆ ਹੈ |' ਵਾਕ ਵਿਚ ' ਆਪਸ ' ਸ਼ਬਦ ਹੈ-

1) ਭਾਵਵਾਚਕ ਵਿਸ਼ੇਸ਼ਣ
2) ਨਿੱਜਵਾਚਕ ਪੜਨਾਂਵ
3) ਪੜਨਾਂਵੀ ਵਿਸ਼ੇਸ਼ਣ
4) ਜਾਤੀਵਾਚਕ ਨਾਂਵ

---

Ques # :4

"ਦੋ ਟੋਟਿਆਂ ਵਿੱਚ ਭੋਂ ਟੁੱਟੀ,
ਇੱਕ ਮਹਿਲਾਂ ਦਾ, ਇੱਕ ਢੋਕਾਂ ਦਾ
ਦੋ ਧੜਿਆ ਵਿੱਚ ਖਲਕਤ ਵੰਡੀ,
ਇੱਕ ਲੋਕਾਂ ਦਾ, ਇੱਕ ਜੋਕਾਂ ਦਾ| "

ਉਪਰੋਕਤ ਕਾਵਿ-ਬੰਦ ਵਿੱਚ 'ਮਹਿਲਾਂ','ਢੋਕਾਂ' ਤੇ 'ਜੋਕਾਂ' ਤਿੰਨੇ ਸ਼ਬਦ ਹਨ-

1) ਪ੍ਰਤੀਕ
2) ਛੰਦ
3) ਅਲੰਕਾਰ
4) ਕੋਈ ਨਹੀਂ

---

Ques # :5

ਨਾਟਕ ਵਿੱਚ ਤਿੰਨ ਏਕਤਾਵਾਂ ਦਾ ਵਿਧਾਨ ਹੈ-

1) ਆਰੰਭ, ਉਸਾਰ ਤੇ ਸਿਖ਼ਰ
2) ਬਿੰਬ, ਪ੍ਰਤੀਕ ਤੇ ਅਲੰਕਾਰ
3) ਸਮਾਂ, ਸਥਾਨ ਤੇ ਕਾਰਜ
4) ਵਿਸ਼ਾ, ਯਥਾਰਥ ਤੇ ਕਲਪਨਾ

---

Ques # :6

" ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ | "

ਉਪਰੋਕਤ ਵਾਕ ਵਿੱਚ ' ਜਾਂ ' ਸ਼ਬਦ ਹੈ-

1) ਸਮਾਨ ਯੋਜਕ
2) ਅਧੀਨ ਯੋਜਕ
3) ਕਾਰਕੀ ਪਿਛੇਤਰ
4) ਸੰਬੰਧਕੀ ਰੂਪ

---

Ques # :7

adda247

“ ਮੁੱਲਾ ਅਤੇ ਮਸ਼ਾਲਚੀ ਦੋਵੇਂ ਇਕੋ ਚਿੱਤ,
ਲੋਕਾਂ ਕਰਦੇ ਚਾਨਣਾ ਆਪ ਹਨੇਰੇ ਵਿੱਚ | ”
ਕਿਸ ਕਵੀ ਦੀ ਰਚਨਾ ਹੈ-

1) ਸ਼ਾਹ ਹੁਸੈਨ

2) ਬੁੱਲ੍ਹੇ ਸ਼ਾਹ

3) ਸੁਲਤਾਨ ਬਾਹੂ

4) ਹਾਸ਼ਮ

---

Ques # :8

‘ ਬੰਬਕੇਸ ’ ਇਕਾਂਗੀ ਦਾ ਪਾਤਰ ‘ ਵਜ਼ੀਰਾ ’ ਕਿਹੜੇ ਬੰਬ ਬਣਾਉਂਦਾ ਹੈ-

1) ਟਾਂਗੇ ਦੇ

2) ਕੈਮੀਕਲ ਦੇ

3) ਦੋਹਾਂ ਦੇ

4) ਕੋਈ ਨਹੀਂ

---

Ques # :9

“ ਪਦਮਾ ਰਤਾ ਕੁ ਨੀਵੀਂ ਹੋ ਜਾ
ਅਸਾਂ ਪਾਰਲੇ ਕੰਢੇ ਜਾਣਾ |”
ਉਪਰੋਕਤ ਵਿੱਚ ‘ ਪਦਮਾ ’ ਸ਼ਬਦ ਕਿਸ ਲਈ ਵਰਤਿਆ ਹੈ-

1) ਯਮੁਨਾ ਨਦੀ

2) ਗੰਗਾ ਨਦੀ

3) ਰਾਣੀ ਪਦਮਾ

4) ਅਪਸਰਾ

adda247

---

Ques # :10

‘ ਗੋਈ ’ ਕਹਾਣੀ ਦੇ ਕਹਾਣੀਕਾਰ ਹਨ-

1)

ਜ਼ਿੰਦਰ
2) ਸੰਤੋਖ ਸਿੰਘ ਧੀਰ
3) ਪ੍ਰੇਮਪ੍ਰਕਾਸ਼
4) ਗੁਰਬਚਨ ਸਿੰਘ ਭੁੱਲਰ

---

Ques # :11

ਸ਼ਾਹ ਹੁਸੈਨ ਕਿਹੜੇ ਸੂਫ਼ੀ ਫਿਰਕੇ ਨਾਲ ਸੰਬੰਧਿਤ ਸੀ-

1) ਚਿਸ਼ਤੀ
2) ਮਲਾਮਤੀ
3) ਨੌਸ਼ਾਹੀ
4) ਨਾਦਰਸ਼ਾਹੀ

---

Ques # :12

ਕਿਹੜੇ ਸ਼ਬਦ ਦਾ ਇੱਕਵਚਨ ਅਤੇ ਬਹੁਵਚਨ ਰੂਪ ਇੱਕ ਹੀ ਹੁੰਦਾ ਹੈ-

1) ਸਿਰ
2) ਦੁੱਧ
3) ਫੁੱਲ
4) ਸਾਰੇ

adda 247

---

Ques # :13

ਮਾਲਵੇ ਦੀ ਕਵੀਸ਼ਰੀ ਵਿੱਚ ਛੰਦ ਪ੍ਰਯੋਗ ਹੁੰਦੇ ਹਨ-

1) ਦੋਹਰਾ
2) ਕਬਿੱਤ
3) ਚੌਪਈ
4) ਸਾਰੇ

---

Ques # :14

‘ ਗੁਰਬਾਣੀ ਵਿਆਕਰਨ ’ ਪੁਸਤਕ ਦੇ ਕਰਤਾ ਹਨ-

1) ਭਾਈ ਵੀਰ ਸਿੰਘ
2) ਭਾਈ ਕਾਹਨ ਸਿੰਘ
3) ਪ੍ਰਿ. ਸਾਹਿਬ ਸਿੰਘ
4) ਡਾ. ਹਰਕੀਰਤ ਸਿੰਘ

---

Ques # :15

‘ ਲਿਖਣਾ ’ ਸ਼ਬਦ ਦਾ ਦੂਹਰੀ ਪ੍ਰੇਰਨਾਰਥਕ ਕਿਰਿਆ ਰੂਪ ਹੈ-

1) ਲਿਖਵਾਉਣਾ
2) ਲਿਖੋ
3) ਲਿਖਾਉਣਾ
4) ਤਿੰਨੇ

---

Ques # :16

“ ਕਬੀਰ ਮਾਨੁਖ ਜਨਮ ਦੁਲੰਭ ਹੈ
ਹੋਤ ਨਾ ਬਾਰੰਬਾਰ |
ਜਿਉ ਬਨ ਫਲ ਪਾਕੇ ਭੁਇੰ ਗਿਰਹਿ
ਬਹੁਰਿ ਨ ਲਾਗਹਿ ਡਾਰਿ | ”
ਉਪਰੋਕਤ ਤੁਕਾਂ ਵਿੱਚ ਕਿਹੜੇ ਅਲੰਕਾਰ ਦੀ ਵਰਤੋਂ ਹੈ-

1) ਅਨੁਪ੍ਰਾਸ
2) ਰੂਪਕ
3) ਦ੍ਰਿਸ਼ਟਾਂਤ
4) ਵਿਰੋਧਾਭਾਸੀ

---

Ques # :17

ਭਾਈ ਗੁਰਦਾਸ ਨੇ ਕਿਹੜੇ ਕਾਵਿ-ਰੂਪਾਂ ਦੀ ਵਰਤੋਂ ਕੀਤੀ-

1) ਸਲੋਕ ਤੇ ਵਾਰਾਂ

2) ਵਾਰਾਂ ਤੇ ਕਬਿੱਤ

3) ਦੋਹੜੇ ਤੇ ਵਾਰਾਂ

4) ਵਾਰਾਂ ਤੇ ਪਦੇ

---

Ques # :18

“ ਤੂੰ ਠਾਕੁਰੁ ਤੁਮ ਪਹਿ ਅਰਦਾਸਿ ||
ਜੀਉ ਪਿੰਡੁ ਸਭੁ ਤੇਰੀ ਰਾਸਿ || ”
ਇਹ ਤੁਕਾਂ ਕਿਸ ਬਾਣੀ ਦੀਆਂ ਹਨ-

1) ਜਪੁ ਜੀ

2) ਬਾਰਾਮਾਹ

3) ਅਰਦਾਸ

4) ਸੁਖਮਨੀ

---

adda247

Ques # :19

ਕਿਹੜਾ ਜੁੱਟ ਸਹੀ ਨਹੀਂ ਹੈ-

1) ਕਰਾਮਾਤ - ਕਰਤਾਰ ਸਿੰਘ ਦੁੱਗਲ

2) ਰੱਬ ਤੇ ਰੁੱਤਾਂ – ਦਲੀਪ ਕੌਰ ਟਿਵਾਣਾ

3) ਕਸਤੂਰੀ ਵਾਲਾ ਮਿਰਗ – ਗੁਰਬਚਨ ਸਿੰਘ ਭੁੱਲਰ

4) ਗਸ਼ਤ – ਬਲਵੰਤ ਗਾਰਗੀ

---

Ques # :20

‘ ਚੜ੍ਹ ਮੱਚਣੀ ’ ਮੁਹਾਵਰੇ ਦਾ ਅਰਥ ਹੈ-

1) ਗੁੱਸਾ ਚੜਣਾ

2) ਬਦਨਾਮੀ ਹੋਣਾ

3)

ਹਰ ਜਾਇਜ਼ –ਨਾਜਾਇਜ਼ ਪੁੱਗੀ ਜਾਣੀ

4) ਬੇ-ਪਰਵਾਹ ਹੋਣਾ

---

Ques # :21

"ਦਿਲ ਦਰਯਾ ਵਿੱਚ
ਲੋਹੜ ਲਿਆਂਦਾ
ਲਹਿਰਾਂ ਵਾਂਗ ਉਮੰਗਾਂ
ਪਾਗਲ ਕੀਤਾ
ਇਸ ਪਾਪੀ ਜੀਉੜੇ
ਨਿੱਤ ਨਵੀਆਂ ਕਰ ਕਰ ਮੰਗਾਂ ।"

ਉਪਰੋਕਤ ਕਾਵਿ-ਸਤਰਾਂ ਕਿਸ ਕਾਵਿ-ਰੂਪਾਕਾਰ ਦੀਆਂ ਹਨ-

1) ਸੱਦ
2) ਸਲੋਕ
3) ਦੋਹੜਾ
4) ਬਾਰਾਮਾਹ

---

Ques # :22

ਪੁਰਾਤਨ ਸਮੇਂ ਭੋਜ-ਪਤਰਾਂ ਨੂੰ ਇਕੱਠੇ ਕਰਨ ਤੇ ਬੰਨ੍ਹਣ ਦੀ ਪ੍ਰਕਿਰਿਆ ਕੀ ਅਖਵਾਂਦੀ ਸੀ-

1) ਚਿੱਠੀ
2) ਨਿਬੰਧ
3) ਖੋਜ
4) ਰੇਖਤਾ

---

Ques # :23

" ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ,
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ ।"

ਉਪਰੋਕਤ ਕਾਵਿ-ਪੰਗਤੀ ਕਿਸ ਅਵਸਥਾ ਦਾ ਪ੍ਰਗਟਾਵਾ ਕਰ ਰਹੀ ਹੈ-

1)

ਦੁਚਿੱਤੀ

2) ਸਹਿਮ

3) ਡਰ

4) ਖੁਸ਼ੀ

---

Ques # :24

" ਵੈਰੀ ਨਾਗ ਤੇਰਾ ਪਹਿਲਾ ਝਲਕਾ ਜਦ ਅੱਖੀਆਂ ਵਿੱਚ ਵੱਜਦਾ |

ਕੁਦਰਤ ਦੇ ਕਾਦਰ ਦਾ ਜਲਵਾ ਲੈ ਲੈਂਦਾ ਇੱਕ ਸਜਦਾ | "

ਉਪਰੋਕਤ ਕਾਵਿ-ਪੰਗਤੀਆਂ ਕਿਹੜੇ ਰਸ ਦੀ ਵੰਨਗੀ ਹਨ-

1) ਅਸਚਰਜ

2) ਕਰੁਣ

3) ਸ਼ਾਂਤ

4) ਬੀਭਤਸ

---

Ques # :25

' ਅੰਨ੍ਹੇ ਘੋੜੇ ਦਾ ਦਾਨ ' ਨਾਵਲ ਵਿੱਚ ਗੁਰਦਿਆਲ ਸਿੰਘ ਨੇ ਕਿਸ ਸਮਾਜ ਦੀ ਗੱਲ ਕੀਤੀ ਹੈ-

1) ਕਿਰਤੀ ਸਮਾਜ ਦੀ

2) ਸ਼ਹਿਰੀ ਮੱਧ ਸ਼੍ਰੇਣੀ ਸਮਾਜ ਦੀ

3) ਸ਼ਾਹੂਕਾਰ ਜਮਾਤ ਦੀ

4) ਟੁੱਟ ਰਹੇ ਕਿਸਾਨੀ ਸਮਾਜ ਦੀ

adda247

---

Ques # :26

" ਦੀਨ ਦਰਦ ਦੁਖ ਭੰਜਨਾ, ਘਟ ਘਟ ਨਾਥ ਅਨਾਥ ||

ਸਰਨ ਤੁਮਾਰੀ ਆਇਓ, ਨਾਨਕ ਕੇ ਪ੍ਰਭ ਸਾਥ || "

ਉਪਰੋਕਤ ਕਾਵਿ-ਪੰਗਤੀਆਂ ਵਿੱਚ ਕਿਹੜੇ ਛੰਦ ਦੀ ਵਰਤੋਂ ਹੈ-

1) ਕੋਰੜਾ ਛੰਦ

2) ਦੋਹਰਾ ਛੰਦ

3) ਚੌਪਈ ਛੰਦ

4) ਕਬਿੱਤ ਛੰਦ

---

Ques # :27

| ਸੂਚੀ 1 (ਲੇਖਕ) | ਸੂਚੀ 2 (ਰਚਨਾ) |
|---|---|
| ੳ. ਅੰਮ੍ਰਿਤਾ ਪ੍ਰੀਤਮ | 1. ਖ਼ਾਨਾਬਦੋਸ਼ |
| ਅ. ਅਜੀਤ ਕੌਰ | 2. ਮੇਰੇ ਪੱਤੇ ਮੇਰੀ ਖੇਡ |
| ੲ. ਕਰਤਾਰ ਸਿੰਘ ਦੁੱਗਲ | 3. ਕਿਸ ਪਹਿ ਖੋਲਉ ਗੰਠੜੀ |
| ਸ. ਮਹਿੰਦਰ ਸਿੰਘ ਜੋਸ਼ੀ | 4. ਮੇਰੀ ਦੁਨੀਆ |
| ਹ. ਨਾਨਕ ਸਿੰਘ | 5. ਰਸੀਦੀ ਟਿਕਟ |

ਉਪਰੋਕਤ ਦੀ ਕਿਹੜੀ ਤਰਤੀਬ ਸਹੀ ਹੈ-

1)

| ੳ | ਅ | ੲ | ਸ | ਹ |
|---|---|---|---|---|
| 5 | 2 | 3 | 4 | 1 |

2)

| ੳ | ਅ | ੲ | ਸ | ਹ |
|---|---|---|---|---|
| 4 | 3 | 2 | 1 | 5 |

3)

| ੳ | ਅ | ੲ | ਸ | ਹ |
|---|---|---|---|---|
| 5 | 1 | 3 | 2 | 4 |

4)

| ੳ | ਅ | ੲ | ਸ | ਹ |
|---|---|---|---|---|
| 5 | 3 | 2 | 1 | 4 |

adda247

---

Ques # :28

" ਮਨੁੱਖ ਨਾਲ ਮਨੁੱਖ ਦਾ ਮੇਲ ਜ਼ਿੰਦਗੀ ਦੀ ਮਹਾਨ ਘਟਨਾ ਹੁੰਦੀ ਹੈ।"

ਇਹ ਟੂਕ ਕਿਸ ਪੰਜਾਬੀ ਲੇਖਕ ਨਾਲ ਸੰਬੰਧਿਤ ਹੈ-

1) ਗੁਰਬਖ਼ਸ਼ ਸਿੰਘ ਪ੍ਰੀਤਲੜੀ

2) ਗੁਰਮੁਖ ਸਿੰਘ ਮੁਸਾਫ਼ਰ

3) ਗੁਰਦਿਆਲ ਸਿੰਘ

4) ਨਾਨਕ ਸਿੰਘ

---

Ques # :29

" ਮੰਗ ਖਾਵਣਾ ਕੰਮ ਨਾ ਕਾਜ ਕਰਨਾ,

ਨਾ ਕੋ ਚਾਰਨਾ ਤੇ ਨਾ ਹੀ ਚੋਵਣਾ ਜੇ | "

ਉਪਰੋਕਤ ਕਾਵਿ-ਸਤਰਾਂ ਕਿੰਨਾਂ ਵੱਲ ਸੰਕੇਤ ਕਰਦੀਆਂ ਹਨ-

1) ਆਸ਼ਕਾਂ

2) ਜੋਗੀਆਂ

3) ਕਿੱਸਾਕਾਰਾਂ

4) ਆਲਮਾਂ

---

Ques # :30

ਕਿਹੜਾ ਕਿੱਸਾ ਹਾਸ਼ਮ ਸ਼ਾਹ ਰਚਿਤ ਨਹੀ-

1) ਸੱਸੀ ਪੁੰਨੂੰ

2) ਸ਼ੀਰੀ ਫਰਹਾਦ

3) ਯੂਸਫ਼ ਜ਼ੁਲੈਖਾਂ

4) ਸੋਹਣੀ ਮਹੀਂਵਾਲ

---

Ques # :31

ਮਹਾਰਾਜਾ ਰਣਜੀਤ ਸਿੰਘ ਕਾਲ ਦਾ ਪ੍ਰਸਿਧ ਸ਼ਾਇਰ ਕਿਹੜਾ ਹੈ-

1) ਕਾਦਰਯਾਰ

2) ਸ਼ਾਹ ਹੁਸੈਨ

3) ਵਾਰਿਸ ਸ਼ਾਹ

4) ਪੀਲੂ

---

Ques # :32

ਕਿਹੜਾ ਜੁੱਟ ਸਹੀ ਹੈ-

1) ਗੁਰੂ ਤੇਗ ਬਹਾਦਰ – ਅਸ਼ੋਕ ਸ਼ਰਮਾ

2) ਟਾਲਸਟਾਏ – ਡਾ. ਹਰਿਭਜਨ ਸਿੰਘ

3) ਡਾ. ਸਰਵਪੱਲੀ ਰਾਧਾਕ੍ਰਿਸ਼ਨਨ- ਗੁਰਬਚਨ ਸਿੰਘ ਭੁੱਲਰ

4) ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ – ਪਾਂਧੀ ਨਨਕਾਣਵੀਂ

---

Ques # :33

ਡਾ. ਮਹਿੰਦਰ ਸਿੰਘ ਰੰਧਾਵਾ ਦੀ ਸਵੈਜੀਵਨੀ ਕਿਸ ਨਾਂ ਹੇਠ ਪ੍ਰਕਾਸਿਤ ਹੋਈ ਹੈ-

1) ਮੇਰੀ ਜੀਵਨ ਕਹਾਣੀ

2) ਮੇਰਾ ਜੀਵਨ

3) ਜੀਵਨ –ਯਾਤਰਾ

4) ਆਪ ਬੀਤੀ

---

Ques # :34

ਸ਼ਾਹ ਮੁਹੰਮਦ ਕਿਥੋਂ ਦਾ ਵਸਨੀਕ ਸੀ-

1) ਪਾਕਪਟਨ

2) ਜਗਦੇਓ ਕਲਾਂ

3) ਵਡਾਲਾ ਵੀਰਮ

4) ਮਦੀਲਾਂ ਹਰਲਾਂ

---

Ques # :35

" ਨਵਾਂ ਵਰ੍ਹਿਆਂ ਦੀ ਮੰਗੀ ਨੀਂਗਿਰ , ਅਜਮਤ ਕੀ ਰੁਸ਼ਨਾਈ |
ਤਾਂ ਚੁਣ ਚੁਣ ਆਤਣ ਕਰੇ ਇਕੱਠਾ , ਜੇਹੜੀ ਭਾਵਸ ਕਾਈ |"
ਉਪਰੋਕਤ ਸਤਰਾਂ ਕਿਸ ਨਾਲ ਸੰਬੰਧਿਤ ਹਨ-

1) ਹੀਰ-ਦਮੋਦਰ

2) ਹੀਰ-ਵਾਰਿਸ

3) ਸੱਸੀ-ਹਾਸ਼ਮ

4) ਮਿਰਜ਼ਾ-ਪੀਲੂ

---

adda247

Ques # :36

‘ ਰਾਧਾ ਸੰਦੇਸ਼ ’ ਕਵਿਤਾ ਦੇ ਰਚਨਾਕਾਰ ਹਨ-

1) ਧਨੀਰਾਮ ਚਾਤ੍ਰਿਕ
2) ਬਾਵਾ ਬਲਵੰਤ
3) ਪ੍ਰੋ. ਪੂਰਨ ਸਿੰਘ
4) ਫਿਰੋਜ਼ਦੀਨ ਸ਼ਰਫ਼

---

Ques # :37

ਕਾਦਰਯਾਰ ਰਚਿਤ ਕਿੱਸਾ ਪੂਰਨ ਭਗਤ ਕਿਸ ਕਾਵਿ - ਰੂਪ ਵਿੱਚ ਰਚਿਆ ਗਿਆ ਹੈ-

1) ਸੱਦ
2) ਦਵਈਆ
3) ਸ਼ੀਹਰਫ਼ੀ
4) ਕਾਫ਼ੀ

---

Ques # :38

“ ਨਾਵਲ ਇਕ ਅਜਿਹਾ ਰੋਜ਼ਨਾਮਚਾ ਹੈ , ਜਿਸ ਵਿੱਚ ਸਾਡੀਆਂ ਗੱਲਾਂ ਦਾ
ਜ਼ਿਕਰ ਹੋਵੇ ਅਤੇ ਪਾਤਰ ਅਜਿਹੇ ਹੋਣ, ਜਿੰਨਾ ਨੂੰ ਅਸੀਂ ਹਰੇਕ ਗਲੀ ਦੇ ਮੋੜ ’ਤੇ ਦੇਖ ਸਕੀਏ |”
ਕਥਨ ਹੈ-

1) ਵਾਲਟਰ ਸਕਾਟ ਦਾ
2) ਐਮਰਸਨ ਦਾ
3) ਜਾਨਸਨ ਦਾ
4) ਬੇਕਨ ਦਾ

---

Ques # :39

‘ ਨੰਗੀ ਧੁੱਪ ’ ਸਵੈ-ਜੀਵਨੀ ਕਿਸ ਲੇਖਕ ਦੀ ਹੈ-

1) ਬਲਵੰਤ ਗਾਰਗੀ
2) ਦਲੀਪ ਕੌਰ ਟਿਵਾਣਾ

3) ਸੁਰਜੀਤ ਸਿੰਘ ਸੇਠੀ

4) ਅਜੀਤ ਕੌਰ

---

Ques # :40

' ਅਤਿਕਥਨੀ 'ਹੈ-

1) ਸ਼ਬਦ ਅਲੰਕਾਰ

2) ਅਰਥ ਅਲੰਕਾਰ

3) ਸ਼ਬਦਾਰਥ ਅਲੰਕਾਰ

4) ਰਸ ਦੀ ਕਿਸਮ

---

Ques # :41

ਬਲਵੰਤ ਗਾਰਗੀ ਦੀਆਂ ਰਚਨਾਵਾਂ ਹਨ -

1) ਬੇਬੇ – ਚਾਕੂ

2) ਦੁੱਧ ਦੀਆਂ ਧਾਰਾਂ – ਰਾਜਾ ਪੋਰਸ

3) ਧੂਣੀ ਦੀ ਅੱਗ – ਵਾਰਿਸ

4) ਬਿਸਵੇਦਾਰ – ਸੁਭੱਦਰਾ

adda247

---

Ques # :42

ਸੰਤ ਸਿੰਘ ਸੇਖੋਂ ਦੀ ਕਿਹੜੀ ਪੁਸਤਕ ਪੰਜਾਬੀ ਆਲੋਚਨਾ ਸਾਹਿਤ ਵਿੱਚ ਮੀਲ ਪੱਥਰ ਅਖਵਾਉਂਦੀ ਹੈ-

1) ਸਾਹਿਤਿਆਰਥ

2) ਪੰਜਾਬੀ ਕਾਵਿ ਸ਼ਰੋਮਣੀ

3) ਭਾਈ ਗੁਰਦਾਸ

4) ਪ੍ਰਸਿਧ ਪੰਜਾਬੀ ਕਵੀ

---

Ques # :43

' ਬਾਬਾ ਬੋਲਦਾ ਹੈ ' , ' ਧਮਕ ਨਗਾਰੇ ਦੀ ' ਕਿਸਦੀਆਂ ਰਚਨਾਵਾਂ ਹਨ –

1) ਸੰਤ ਸਿੰਘ ਸੇਖੋਂ
2) ਹਰਚਰਨ ਸਿੰਘ
3) ਗੁਰਸ਼ਰਨ ਸਿੰਘ
4) ਗੁਰਦਿਆਲ ਸਿੰਘ ਫੁੱਲ

---

Ques # :44

ਨਿਬੰਧ ਹੁੰਦਾ ਹੈ-

1) ਭਾਵ ਪ੍ਰਧਾਨ ਤੇ ਅੰਤਰਮੁਖੀ
2) ਗੈਰ – ਰਸਮੀ
3) ਕਲਪਨਾ ਉਡਾਰੀ ਨੂੰ ਖੁੱਲ੍ਹ
4) ਵਿਚਾਰ ਪ੍ਰਧਾਨ ਤੇ ਬਾਹਰਮੁਖੀ

---

Ques # :45

" ਫੇਰ ਮਾਰੇ ਫ਼ਿਕਰ ਦੇ ਮੂੰਹਾਂ ਦੀ ਘੁਸਰ- ਮੁਸਰ ਮੂੰਹਾਂ ਨੂੰ ਲਾਣ ,
ਕਿਤਨਾ ਫ਼ਿਕਰ ਹੈ ਇੰਨ੍ਹਾਂ ਨੂੰ ਗਵਾਂਢੀ ਦੀ ਧੀ ਦਾ ,ਹਮਸਾਏ ਦੇ ਪੁੱਤ ਦਾ |"
ਉਪਰੋਕਤ ਸਤਰਾਂ ਕਿਸ ਕਵੀ ਦੀਆਂ ਹਨ-

adda247

1) ਜਸਵੀਰ ਸਿੰਘ ਆਹਲੂਵਾਲੀਆ
2) ਅੰਮ੍ਰਿਤਾ ਪ੍ਰੀਤਮ
3) ਪ੍ਰੋ. ਮੋਹਨ ਸਿੰਘ
4) ਸੁਰਜੀਤ ਪਾਤਰ

---

Ques # :46

" ਟੁੱਟ ਜਾਵਣ ਕੈਦਾਂ , ਹੱਦਬੰਦੀਆਂ, ਵੰਡ ਰਹੇ ਨਾ ਕਾਈ |
ਹਰ ਇਕ ਬੰਦਾ ਸ਼ਾਹ ਦੁਨੀਆ ਦਾ ,ਹਰ ਇਕ ਤੀਵੀਂ ਰਾਣੀ |"
ਉਪਰੋਕਤ ਸਤਰਾਂ ਕਿਸ ਕਵੀ ਦੀਆਂ ਹਨ-

1) ਪ੍ਰੀਤਮ ਸਿੰਘ ਸਫ਼ੀਰ

2) ਪ੍ਰੋ. ਮੋਹਨ ਸਿੰਘ
3) ਅੰਮ੍ਰਿਤਾ ਪ੍ਰੀਤਮ
4) ਬਾਬਾ ਬਲਵੰਤ

---

Ques # :47

ਕਿੱਸੇ ਦਾ ਮੂਲ ਸਰੋਤ ਕਿਹੜੀ ਭਾਸ਼ਾ ਦੇ ਸਾਹਿਤ ਰੂਪ ਤੋਂ ਪ੍ਰਭਾਵਿਤ ਹੈ -

1) ਫ਼ਾਰਸੀ
2) ਅਰਬੀ
3) ਸੰਸਕ੍ਰਿਤ
4) ਪੰਜਾਬੀ

---

Ques # :48

ਕਰੋਧ ਕਿਸ ਰਸ ਦਾ ਸਥਾਈ ਭਾਵ ਹੈ-

1) ਰੌਦਰ ਰਸ
2) ਭਿਆਨਕ ਰਸ
3) ਕਰੁਣ ਰਸ
4) ਬੀਭਤਸ ਰਸ

---

Ques # :49

ਰਸ ਸਿਧਾਂਤ ਦਾ ਬਾਨੀ ਹੈ-

1) ਆਚਾਰੀਆ ਮੰਮਟ
2) ਭੋਜਰਾਜ
3) ਵਿਸ਼ਵਨਾਥ
4) ਭਰਤਮੁਨੀ

---

Ques # :50

ਦੋ ਪੰਜਾਬੀਆਂ ਦਾ ਸਿਧਾਂਤ ਕਿਹੜਾ ਵਿਦਵਾਨ ਦਿੰਦਾ ਹੈ-

1) ਡਾ. ਬਨਾਰਸੀ ਦਾਸ ਜੈਨ
2) ਡਾ. ਬੂਟਾ ਸਿੰਘ ਬਰਾੜ
3) ਡਾ . ਗ੍ਰੀਅਰਸਨ
4) ਡਾ. ਬਲਦੇਵ ਸਿੰਘ ਚੀਮਾ

---

Ques # :51

ਪੰਜਾਬੀ ਦਾ ਕਿਹੜਾ ਕਾਲ ਅਪਭ੍ਰੰਸ ਕਾਲ ਕਿਹਾ ਜਾ ਸਕਦਾ ਹੈ-

1) 1900 ਈ - ਤੋਂ ਵਰਤਮਾਨ ਸਮੇ ਤੱਕ
2) 1700 ਈ - ਤੋਂ 1900 ਈ - ਤੱਕ
3) 1500 ਈ - ਤੋਂ 1700 ਈ - ਤੱਕ
4) 1000 ਈ - ਤੋਂ 1500 ਈ - ਤੱਕ

---

Ques # :52

ਭਾਰਤ ਦੀਆਂ ਸਭ ਤੋਂ ਪੁਰਾਤਨ ਲਿਪੀਆਂ ਹਨ-

adda247

1) ਬ੍ਰਹਮੀ – ਸ਼ਾਰਦਾ
2) ਖਰੋਸ਼ਟੀ –ਸ਼ਾਰਦਾ
3) ਬ੍ਰਹਮੀ - ਖਰੋਸ਼ਟੀ
4) ਬ੍ਰਹਮੀ - ਗੁਰਮੁਖੀ

---

Ques # :53

ਗੁਰਮੁਖੀ ਲਿਪੀ 'ਚ ਦੁੱਤ ਅੱਖਰ ਹਨ-

1) ਹ
2) ਰ
3) ਵ

4) ਤਿੰਨੇ ਹੀ

---

Ques # :54

ਪੰਜਾਬੀ ਸਾਹਿਤ ਦੇ ਆਦਿ ਕਾਲ ਵਿੱਚ ਕਿੰਨੀਆਂ ਲੋਕ ਵਾਰਾਂ ਦਾ ਜ਼ਿਕਰ ਆਉਂਦਾ ਹੈ -

1) ਨੌਂ
2) ਅੱਠ
3) ਛੇ
4) ਸੱਤ

---

Ques # :55

ਬਾਬਾ ਫ਼ਰੀਦ ਜੀ ਕਿਸਦੇ ਮੁਰੀਦ ਸਨ -

1) ਮਖਦੂਮ
2) ਬਖ਼ਤਿਆਰ ਕਾਕੀ
3) ਸ਼ਾਹ ਇਨਾਇਤ
4) ਅਬੂ ਬਕਰ

---

Ques # :56

ਬੁੱਲ੍ਹੇ ਸ਼ਾਹ ਸੂਫੀਆਂ ਦੇ ਕਿਸ ਸੰਪਰਦਾਇ ਨਾਲ ਸੰਬੰਧ ਰੱਖਦੇ ਸਨ -

1) ਮਲਾਮਤੀ
2) ਨਕਸ਼ਬੰਦੀ
3) ਚਿਸ਼ਤੀ
4) ਕਾਦਰੀ

---

Ques # :57

ਗੁਰੂ ਅਮਰਦਾਸ ਜੀ ਦੀ ਰਚਨਾ ‘ ਆਨੰਦ ਸਾਹਿਬ ’ ਕਿਸ ਰਾਗ ਵਿੱਚ ਹੈ -

1) ਸੂਹੀ

2) ਰਾਮਕਲੀ
3) ਮਾਰੂ
4) ਮਾਝ

---

Ques # :58

' ਸਤਿਗੁਰ ਨਾਨਕ ਪ੍ਰਗਟਿਆ ' ਪਉੜੀ ਭਾਈ ਗੁਰਦਾਸ ਦੀ ਕਿਹੜੀ ਵਾਰ ਨਾਲ ਸੰਬੰਧਿਤ ਹੈ -

1) ਦਸਵੀਂ
2) ਨੌਵੀ
3) ਪਹਿਲੀ
4) ਦੂਜੀ

---

Ques # :59

" ਦੁਨੀਆਂ ਤੋਂ ਮਰ ਜਾਵਣਾ, ਵੱਤ ਨ ਆਵਣਾ ,
ਜੋ ਕਿਛੁ ਕੀਤਾ ਬੁਰਾ ਭਲਾ ਵੋ , ਕੀਤਾ ਆਪਣਾ ਪਾਵਣਾ || ਰਹਾਉ ||"
ਇਹ ਕਿਸ ਗੁਰੂ/ਕਵੀ ਦੀ ਰਚਨਾ ਹੈ -

1) ਗੁਰੂ ਅਰਜਨ ਦੇਵ
2) ਸ਼ਾਹ ਹੁਸੈਨ
3) ਬੁੱਲ੍ਹੇ ਸ਼ਾਹ
4) ਗੁਰੂ ਅੰਗਦ ਦੇਵ

---

Ques # :60

ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਹਨ -

1) ਅਲਵਿਦਾ – ਨਾਗਮਣੀ
2) ਪੀੜਾਂ ਦਾ ਪਰਾਗਾ – ਕੋਲਾਜ਼
3) ਦੁਧ ਪੱਥਰੀ – ਮੈਂ ਤੇ ਮੈਂ
4) ਆਰਤੀ – ਮੈਂ ਤੇ ਮੈਂ

Ques # :61

'ਨੇੜੇ – ਤੇੜੇ' , 'ਬਚਨ -ਬਿਲਾਸ' , 'ਕਲਮ – ਕਟਾਰ'

ਲੇਖ ਪੁਸਤਕਾਂ ਕਿਸ ਸਾਹਿਤਕਾਰ ਦੀਆਂ ਹਨ -

1) ਪ੍ਰੋ . ਸਾਹਿਬ ਸਿੰਘ

2) ਸੰਤੋਖ ਸਿੰਘ ਧੀਰ

3) ਗੁਰਬਚਨ ਸਿੰਘ ਭੁੱਲਰ

4) ਗੁਰਬਖਸ਼ ਸਿੰਘ ਪ੍ਰੀਤਲੜੀ

Ques # :62

' ਆਨੰਦਪੁਰ ਦੀ ਆਵਾਜ਼ ' ਕਿਸ ਲੇਖਕ ਦੀ ਰਚਨਾ ਹੈ -

1) ਪਾਂਧੀ ਨਨਕਾਣਵੀ

2) ਗੁਰਸ਼ਰਨ ਸਿੰਘ

3) ਗੁਰਚਰਨ ਸਿੰਘ ਜਸੂਜਾ

4) ਗੁਰਦਿਆਲ ਸਿੰਘ ਖੋਸਲਾ

Ques # :63

ਭਰਤਮੁਨੀ ਦੇ ਗ੍ਰੰਥ ਦਾ ਨਾਮ ਹੈ -

1) ਕਾਵਿ – ਸ਼ਾਸ਼ਤਰ

2) ਪਿੰਗਲ – ਸ਼ਾਸ਼ਤਰ

3) ਨਾਟ – ਸ਼ਾਸ਼ਤਰ

4) ਗੁਣ – ਸ਼ਾਸ਼ਤਰ

Ques # :64

ਪਿੰਗਲ ਕਿਹਾ ਜਾਂਦਾ ਹੈ -

1) ਅਲੰਕਾਰ ਸ਼ਾਸ਼ਤਰ

2) ਛੰਦ ਸ਼ਾਸ਼ਤਰ

3) ਰਸ ਸ਼ਾਸ਼ਤਰ
4) ਕਿਸੇ ਨੂੰ ਵੀ ਨਹੀਂ

---

Ques # :65

" ਜਦੋਂ ਚਾਚੀ ਈਸਰੀ ,
ਸਿਰ ਪਲੋਸੇਗੀ ਅਸੀਸਾਂ ਨਾਲ ,
ਕਿਸ ਤਰਾਂ ਦੱਸਾਂਗਾ ਮੈਂ ,
ਏਸ ਸਿਰ ਵਿੱਚ ਕਿਸ ਤਰਾਂ ਦੇ ਛੁਪੇ ਹੋਏ ਨੇ ਖਿਆਲ |"
ਇਹ ਕਾਵਿ-ਸਤਰਾਂ ਕਿਸ ਕਵੀ ਦੀਆਂ ਹਨ -

1) ਡਾ . ਜਗਤਾਰ
2) ਸ. ਤਾਰਾ ਸਿੰਘ
3) ਸੁਰਜੀਤ ਪਾਤਰ
4) ਪ੍ਰੀਤਮ ਸਿੰਘ ਸਫ਼ੀਰ

---

Ques # :66

ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੀਆਂ ਅਧਿਆਤਮਿਕ ਵਾਰਾਂ ਦਰਜ ਹਨ -

1) 21
2) 22
3) 20
4) 24

---

Ques # :67

'ਭਾਂਵੇ' , 'ਅਤੇ', 'ਕਿ' , 'ਪਰ' ਆਦਿ ਕਿਹੜੇ ਯੋਜਕ ਹਨ -

1) ਇਕਹਿਰੇ ਯੋਜਕ
2) ਸੰਯੁਕਤ ਯੋਜਕ
3) ਗੂੜ੍ਹ ਯੋਜਕ
4) ਪਰ ਯੋਜਕ

---

Ques # :68

ਪੰਜਾਬੀ ਭਾਸ਼ਾ ਵਿੱਚ ਕਾਰਕ ਦੀਆਂ ਕਿੰਨੀਆ ਕਿਸਮਾਂ ਹੁੰਦੀਆਂ ਹਨ -

1) 7
2) 9
3) 8
4) 10

---

Ques # :69

' ਭੁੱਖੇ ਦੀ ਧੀ ਰੱਜੀ , ਖੇਹ ਉਡਾਉਣ ਲੱਗੀ ' ਕੀ ਹੈ -

1) ਮੁਹਾਵਰਾ
2) ਅਖਾਣ
3) ਬਿੰਬ
4) ਪ੍ਰਤੀਕ

---

Ques # :70

ਹੇਠ ਲਿਖੀਆਂ ਵਿਚੋਂ ਕਿਹੜੀ ਧੁਨੀ ਕੰਠੀ ਨਹੀਂ ਹੈ -

1) ਜ
2) ਕ
3) ਗ
4) ਖ

---

Ques # :71

' ਕਹਿਰ ਦੀਆਂ ਕੂਕਾਂ ' – ਅਲੰਕਾਰ ਹੈ -

1) ਉਪਮਾ
2) ਰੂਪਕ
3) ਦ੍ਰਿਸ਼ਟਾਂਤ
4) ਅਨੁਪ੍ਰਾਸ

---

adda247

Ques # :72

'ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ' ਇਸ ਸਤਰਾਂ 'ਚ 'ਕੁਇਰੁ' ਦਾ ਅਰਥ ਹੈ -

1) ਕੋਈ ਵੀ
2) ਸ਼ਾਹਜਾਦਾ
3) ਕਿਉਂ
4) ਸਿਪਾਹੀ

---

Ques # :73

| ਸੂਚੀ 1 | ਸੂਚੀ 2 |
|---|---|
| ੳ. ਸ਼ੁਤਰ | 1 ਉਮਰ |
| ਅ. ਤਲਬ | 2 ਵਾਗ |
| ੲ. ਮੁਹਾਰ | 3 ਊਠ |
| ਸ. ਵਰੇਸ | 4 ਤਨਖਾਹ |

ਉਪਰੋਕਤ ਦਾ ਸਹੀ ਕ੍ਰਮ ਕਿਹੜਾ ਹੈ –

1) ੳ ਅ ੲ ਸ
4 2 1 3
2) ੳ ਅ ੲ ਸ
3 4 2 1
3) ੳ ਅ ੲ ਸ
1 3 4 2
4) ੳ ਅ ੲ ਸ
2 1 3 4

---

Ques # :74

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂਆਂ ਦੁਆਰਾ ਰਚਿਤ ਵਾਰਾਂ ਦੀ ਗਿਣਤੀ ਕਿੰਨੀ ਹੈ -

1) 22
2) 21
3) 20
4) 19

adda247

Ques # :75

‘ ਸਾਂਝੀ ਕੰਧ ’ਕਹਾਣੀ ਸੰਗ੍ਰਹਿ ਦਾ ਕਰਤਾ ਹੈ -

1) ਸੁਜਾਨ ਸਿੰਘ
2) ਕੁਲਵੰਤ ਸਿੰਘ ਵਿਰਕ
3) ਸੰਤੋਖ ਸਿੰਘ ਧੀਰ
4) ਸੰਤ ਸਿੰਘ ਸੇਖੋਂ

Ques # :76

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਵਾਰਾਂ ਦੀ ਗਿਣਤੀ ਕਿੰਨੀ ਹੈ -

1) ਚਾਰ
2) ਪੰਜ
3) ਤਿੰਨ
4) ਦੋ

Ques # :77

‘ ੜ ’ ਅੱਖਰ ਨਾਲ ਤੁਕਾਂਤ ਦਾ ਅੰਤ ਕਰਨਾ ਕਿਸ ਗੁਰੂ ਦੀ ਕਾਵਿ-ਜੁਗਤ ਹੈ -

1) ਗੁਰੂ ਰਾਮ ਦਾਸ ਜੀ
2) ਗੁਰੂ ਅਮਰ ਦਾਸ ਜੀ
3) ਗੁਰੂ ਤੇਗ ਬਹਾਦਰ ਜੀ
4) ਗੁਰੂ ਅੰਗਦ ਦੇਵ ਜੀ

Ques # :78

ਸ਼ਿਵ - ਕਾਵਿ ਦਾ ਬੁਨਿਆਦੀ ਤੱਤ ਹੈ-

1) ਸੇਵਾ
2) ਬਿਰਹਾ
3) ਆਨੰਦ
4)

adda247

ਨਦਰਿ

---

Ques # :79

ਪੰਜਾਬੀ ਵਿੱਚ ਇਕਾਂਗੀ ਦਾ ਆਧੁਨਿਕ ਰੂਪ ਕਿਸ ਦੀ ਪ੍ਰੇਰਨਾ ਨਾਲ ਆਰੰਭ ਹੋਇਆ-

1) ਸ੍ਰੀਮਤੀ ਨੋਰਾ ਰਿਚਰਡਜ਼

2) ਰਿਚਰਡ ਟੈਂਪਲ

3) ਮੈਕਾਲਿਫ਼

4) ਸੰਤ ਸਿੰਘ ਸੇਖੋਂ

---

Ques # :80

'ਔਰੰਗਜੇਬ', 'ਜ਼ੀਨਤ' , 'ਅਸਦ ਖਾਨ' ਆਦਿ ਕਿਸ ਇਕਾਂਗੀ ਦੇ ਪਾਤਰ ਹਨ -

1) ਮਹਾਤਮਾ

2) ਜ਼ਫ਼ਰਨਾਮਾ

3) ਹਿੰਦ ਦੀ ਚਾਦਰ

4) ਬੇਬੇ

---

Ques # :81

adda247

' ਪੱਤਣ ਦੀ ਬੇੜੀ ' ਇਕਾਂਗੀ ਦਾ ਲੇਖਕ ਕੌਣ ਹੈ-

1) ਅਮਰੀਕ ਸਿੰਘ

2) ਹਰਚਰਨ ਸਿੰਘ

3) ਬਲਵੰਤ ਗਾਰਗੀ

4) ਆਈ. ਸੀ. ਨੰਦਾ

---

Ques # :82

' ਜਿੰਦਗੀ ਦੇ ਰਾਹਾਂ 'ਤੇ ' ਪ੍ਰੋ. ਪੂਰਨ ਸਿੰਘ ਦੀ ਸਵੈ – ਜੀਵਨੀ ਦਾ ਪੰਜਾਬੀ ਅਨੁਵਾਦ ਹੈ |
ਇਹ ਰਚਨਾ ਮੂਲ – ਰੂਪ 'ਚ ਕਿਸ ਭਾਸ਼ਾ ਵਿੱਚ ਲਿਖੀ ਗਈ ਹੈ -

1) ਹਿੰਦੀ

2) ਫ਼ਾਰਸੀ
3) ਅੰਗਰੇਜ਼ੀ
4) ਉਰਦੂ

---

Ques # :83

"ਆਤਮ ਕਥਾ ਦੁਨੀਆਂ ਦੀ ਭੀੜ ਵਿੱਚ ਆਪਣੇ ਆਪ ਨੂੰ ਪਛਾਣਨ ਦਾ ਇਕ ਕਲਾਤਮਿਕ ਜਤਨ ਹੈ" , ਕਿਸ ਨੇ ਕਿਹਾ-

1) ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
2) ਨਾਨਕ ਸਿੰਘ
3) ਪ੍ਰੀਤਮ ਸਿੰਘ
4) ਬਲਵੰਤ ਗਾਰਗੀ

---

Ques # :84

" ਦਿਲ ਵਿੱਚ ਤਪਸ਼ ਥਲਾਂ ਦੀ ਗਰਮੀ , ਆਣ ਫ਼ਿਰਾਕ ਰੰਞਾਣੀ |"
ਇਸ ਕਾਵਿ – ਸਤਰ ਵਿੱਚ 'ਫ਼ਿਰਾਕ' ਦਾ ਕੀ ਅਰਥ ਹੈ-

1) ਫ਼ਿਕਰ
2) ਰੋਸ਼
3) ਵਿਛੋੜਾ
4) ਰਮਜ਼

adda247

---

Ques # :85

' ਦੋਹਰਾ ' ਛੰਦ ਦੀ ਹਰ ਤੁਕ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ -

1) 21
2) 24
3) 23
4) 22

---

Ques # :86

ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ ' ਉੱਤਮ ' ਦਾ ਸਮਾਨਾਰਥਕ ਨਹੀਂ ਹੈ -

1) ਚੰਗਾ
2) ਸ਼੍ਰੇਸ਼ਟ
3) ਵਧੀਆ
4) ਨਿਰਮਲ

---

Ques # :87

" ਪੀਲੂ ਨਾਲ ਨਾ ਰੀਸ ਕਿਸੇ ਦੀ, ਉਸ ਵਿੱਚ ਸੋਜ਼ ਅਲਹਿਦੀ |"
ਕਿਸ ਕਵੀ ਨੇ ਕਿਹਾ ਹੈ -

1) ਦਮੋਦਰ
2) ਵਾਰਸ਼ ਸ਼ਾਹ
3) ਹਾਫਜ ਬਰਖੁਰਦਾਰ
4) ਅਹਿਮਦ ਯਾਰ

---

Ques # :88

| ਸੂਚੀ 1 | ਸੂਚੀ 2 |
|---|---|
| ੳ. ਆਲਮ | 1 ਭਰੋਸਾ |
| ਅ. ਤਸਲੀਮ | 2 ਵਿਦਵਾਨ |
| ੲ. ਨਿਹਚਾ | 3 ਜ਼ਰੂਰ |
| ਸ. ਲਾਜ਼ਮ | 4 ਮੰਨਣਾ |

ਉਪਰੋਕਤ ਦਾ ਸਹੀ ਕ੍ਰਮ ਕਿਹੜਾ ਹੈ –

1) ੳ ਅ ੲ ਸ
1 3 4 2
2) ੳ ਅ ੲ ਸ
2 1 4 3
3) ੳ ਅ ੲ ਸ
2 4 1 3
4) ੳ ਅ ੲ ਸ
1 2 3 4

adda247

Ques # :89

ਹੇਠ ਲਿਖਿਆਂ ਵਿਚੋਂ ਉਲਟ-ਜੀਭੀ ਵਿਅੰਜਨ ਧੁਨੀ ਕਿਹੜੀ ਹੈ -

1) ਡ
2) ਗ
3) ਜ
4) ਢ

Ques # :90

ਪੰਜਾਬੀ ਜਗਤ ਵਿੱਚ ਕਿਸ ਨਾਟਕਕਾਰ ਦੀ ਪਛਾਣ ਇਕ ਸਰਗਰਮ ਰੰਗ-ਕਰਮੀ ਅਤੇ ਇਨਕਲਾਬੀ ਵਜੋਂ ਸਥਾਪਤ ਹੋਈ -

1) ਸੰਤ ਸਿੰਘ ਸੇਖੋਂ
2) ਹਰਸਰਨ ਸਿੰਘ
3) ਗੁਰਸ਼ਰਨ ਸਿੰਘ
4) ਸਵਰਾਜਬੀਰ

Ques # :91

ਪੰਜਾਬੀ ਨਾਟ ਖੇਤਰ ਵਿੱਚ ਬੌਧਿਕ ਨਾਟਕਾਂ ਦਾ ਰਚਨਹਾਰਾ ਹੈ -

1) ਕਰਤਾਰ ਸਿੰਘ ਦੁੱਗਲ
2) ਬਲਵੰਤ ਗਾਰਗੀ
3) ਸੰਤ ਸਿੰਘ ਸੇਖੋਂ
4) ਗੁਰਦਿਆਲ ਸਿੰਘ ਫੁੱਲ

Ques # :92

ਪੰਜਾਬੀ ਸਾਹਿਤ ਖੇਤਰ ਵਿੱਚ ਸਿਰਫ਼ ਕਹਾਣੀ- ਰਚਨਾ ਨਾਲ ਜੁੜਿਆ ਕਹਾਣੀਕਾਰ ਹੈ -

1) ਸੰਤੋਖ ਸਿੰਘ ਧੀਰ
2) ਸੰਤ ਸਿੰਘ ਸੇਖੋਂ
3)

4) ਕਰਤਾਰ ਸਿੰਘ ਦੁੱਗਲ
ਕੁਲਵੰਤ ਸਿੰਘ ਵਿਰਕ

---

Ques # :93

" ਕਾਮਲ ਸ਼ੌਕ ਮਾਹੀ ਦਾ ਮੈਨੂੰ , ਨਿਤ ਰਹੇ ਜਿਗਰ ਵਿੱਚ ਵੱਸਦਾ , ਲੂੰ ਲੂੰ ਰੱਸਦਾ |
ਰਾਂਝਣ ਬੇ-ਪਰਵਾਹੀ ਕਰਦਾ ਅਤੇ ਕੋਈ ਗੁਨਾਹ ਨਾ ਦੱਸਦਾ , ਉੱਠ ਉੱਠ ਨੱਸਦਾ |
ਕਿਸ ਕਾਵਿ-ਰੂਪਾਕਾਰ ਦੀ ਵੰਨਗੀ ਹੈ -

1) ਦੋਹੜਾ
2) ਸ਼ੀਹਰਫ਼ੀ
3) ਕਾਫ਼ੀ
4) ਡਿਉਢ

---

Ques # :94

| ਸੂਚੀ 1 | ਸੂਚੀ 2 |
|---|---|
| ੳ. ਮੇਰੇ ਸਾਈਆਂ ਜੀਉ | 1 ਨਾਟਕ |
| ਅ. ਗਲੀਏ ਚਿਕੜ ਦੂਰਿ ਘਰਿ | 2 ਸਵੈ-ਜੀਵਨੀ |
| ੲ. ਨਵੇਂ ਲੋਕ | 3 ਕਵਿਤਾ |
| ਸ. ਮਿੱਤਰ ਪਿਆਰਾ | 4 ਨਾਵਲ |
| ਹ. ਤੌਸ਼ਾਲੀ ਦੀ ਹੰਸੋ | 5 ਕਹਾਣੀ ਸੰਗ੍ਰਹਿ |

1)

| ੳ | ਅ | ੲ | ਸ | ਹ |
|---|---|---|---|---|
| 1 | 3 | 5 | 4 | 2 |

2)

| ੳ | ਅ | ੲ | ਸ | ਹ |
|---|---|---|---|---|
| 3 | 2 | 4 | 5 | 1 |

3)

| ੳ | ਅ | ੲ | ਸ | ਹ |
|---|---|---|---|---|
| 3 | 2 | 5 | 1 | 4 |

4)

| ੳ | ਅ | ੲ | ਸ | ਹ |
|---|---|---|---|---|
| 3 | 1 | 4 | 2 | 5 |

---

Ques # :95

adda247

ਸੋਗ ਸਮੇਂ ਨਾਲ ਸੰਬੰਧਿਤ ਲੋਕ ਸਾਹਿਤ ਰੂਪ ਹੈ -

1) ਸਿੱਠਣੀ
2) ਅਲਾਹੁਣੀ
3) ਘੋੜੀ
4) ਸੁਹਾਗ

---

Ques # :96

ਮਲਵਈ ਆਂਚਲਿਕਤਾ ਨਾਲ ਸੰਬੰਧਿਤ ਨਾਟਕਕਾਰ ਤੇ ਰੰਗ-ਕਰਮੀ ਹੈ -

1) ਸੁਰਜੀਤ ਸਿੰਘ ਸੇਠੀ
2) ਡਾ. ਆਤਮਜੀਤ
3) ਚਰਨਦਾਸ ਸਿੱਧੂ
4) ਅਜਮੇਰ ਸਿੰਘ ਔਲਖ

---

Ques # :97

ਪ੍ਰੋ. ਪੂਰਨ ਸਿੰਘ ਰਚਿਤ ' ਖੁੱਲ੍ਹੀ ਕਵਿਤਾ ' ਵਿੱਚ ਕਿਹੜੇ ਛੰਦ ਦੀ ਵਰਤੋਂ ਹੈ -

1) ਸੈਲਾਨੀ
2) ਦਵਈਆ
3) ਸਿਰਖੰਡੀ
4) ਬੈਂਤ

---

Ques # :98

| ਸੂਚੀ 1 | ਸੂਚੀ 2 |
|---|---|
| ੳ. ਗਿਆਨੀ ਗੁਰਦਿੱਤ ਸਿੰਘ | 1 ਗੰਗਾ ਅਸ਼ਨਾਨ |
| ਅ. ਦੇਵਿੰਦਰ ਸਤਿਆਰਥੀ | 2 ਪਿੰਡ ਦੀਆਂ ਰੌਣਕਾਂ |
| ੲ. ਸ਼ਰਧਾ ਰਾਮ ਫ਼ਲੌਰੀ | 3 ਮੇਲੇ ਤੇ ਤਿਉਹਾਰ |
| ਸ. ਮਹਿੰਦਰ ਸਿੰਘ ਰੰਧਾਵਾ | 4 ਗਿੱਧਾ |
| ਹ. ਸੋਹਿੰਦਰ ਸਿੰਘ ਬੇਦੀ | 5 ਲੋਕਗੀਤ |

ਉਪਰੋਕਤ ਦੀ ਕਿਹੜੀ ਤਰਤੀਬ ਸਹੀ ਹੈ -

1)
| ੳ | ਅ | ੲ | ਸ | ਹ |
|---|---|---|---|---|
| 1 | 3 | 5 | 4 | 2 |

2)
| ੳ | ਅ | ੲ | ਸ | ਹ |
|---|---|---|---|---|
| 3 | 4 | 1 | 2 | 5 |

3)
| ੳ | ਅ | ੲ | ਸ | ਹ |
|---|---|---|---|---|
| 5 | 3 | 4 | 2 | 1 |

4)
| ੳ | ਅ | ੲ | ਸ | ਹ |
|---|---|---|---|---|
| 4 | 5 | 1 | 2 | 3 |

---

Ques # :99

' ਪਹਿਰੜੇ ' ਕਿਸ ਗੁਰੂ ਕਵੀ ਦੀ ਰਚਨਾ ਹੈ-

1) ਸ੍ਰੀ ਗੁਰੂ ਨਾਨਕ ਦੇਵ
2) ਸ੍ਰੀ ਗੁਰੂ ਅੰਗਦ ਦੇਵ
3) ਸ੍ਰੀ ਗੁਰੂ ਤੇਗ ਬਹਾਦਰ
4) ਸ੍ਰੀ ਗੁਰੂ ਗੋਬਿੰਦ ਸਿੰਘ

---

Ques # :100

ਹੇਠ ਲਿਖਿਆਂ ਵਿਚੋਂ ਕਿਹੜਾ ਨਾਟਕ ਮਿੱਥ –ਰੂਪਾਂਤਰਣ ਨਾਲ ਸੰਬੰਧਿਤ ਹੈ -

1) ਅੰਨ੍ਹੇ ਨਿਸ਼ਾਨਚੀ
2) ਕ੍ਰਿਸ਼ਨ
3) ਕੈਮਲੂਪਸ ਦੀਆਂ ਮੱਛੀਆਂ

adda247

4) ਕਿੰਗ ਮਿਰਜ਼ਾ ਤੇ ਸਪੇਰਾ

---

Ques # :101

ਪੰਜਾਬੀ ਵਿੱਚ ਦੁਰਗਾ ਨਾਲ ਸੰਬੰਧਿਤ ਪਹਿਲੀ ਕਿਰਤ ਕਿਹੜੀ ਹੈ -

1) ਦੁਰਗਾ ਸਪਤਸਤੀ

2) ਨਾਦਰਸ਼ਾਹ ਦੀ ਵਾਰ

3) ਚੱਠਿਆਂ ਦੀ ਵਾਰ

4) ਚੰਡੀ ਦੀ ਵਾਰ

---

Ques # :102

ਮਾਂਝੇ ਦੀ ਆਂਚਲਿਕਤਾ ਦਾ ਚਿਤੇਰਾ ਕਹਾਣੀਕਾਰ ਹੈ-

1) ਗੁਰਬਚਨ ਸਿੰਘ ਭੁੱਲਰ

2) ਗੁਰਦਿਆਲ ਸਿੰਘ

3) ਵਰਿਆਮ ਸਿੰਘ ਸੰਧੂ

4) ਸੰਤੋਖ ਸਿੰਘ ਧੀਰ

---

Ques # :103

ਮੰਟੋ ਦੀ ਪ੍ਰਸਿਧ ਕਹਾਣੀ 'ਟੋਬਾ ਟੇਕ ਸਿੰਘ' ਦਾ ਨਾਟਕੀ ਰੂਪਾਂਤਰਣ ਕਿਸ ਰਚਨਾ ਵਿੱਚ ਹੋਇਆ ਹੈ -

1) ਮੈਂ ਸਾਰੰਗੀ ਹਾਂ

2) ਰਿਸ਼ਤਿਆਂ ਦਾ ਕੀ ਰੱਖੀਏ ਨਾਂ

3) ਪੂਰਨ

4) ਪਲੂ ਦੀ ਉਡੀਕ ਵਿੱਚ

---

Ques # :104

ਪੰਜਾਬੀ ਵਿੱਚ ਰਚਿਆ ਪਹਿਲਾ ਯਥਾਰਥਵਾਦੀ ਨਾਵਲ ਹੈ -

1) ਮੜ੍ਹੀ ਦਾ ਦੀਵਾ

2)

ਰਾਤ ਦੇ ਰਾਹੀ

3) ਜਵਾਰ ਭਾਟਾ

4) ਪਿਉ-ਪੁੱਤਰ

---

Ques # :105

" ਗੋਤ ਕਨਾਲਾ " ਕਿਸ ਸਮੇਂ ਦੀਆਂ ਰੀਤਾਂ – ਰਸਮਾਂ ਨਾਲ ਸੰਬੰਧਿਤ ਹੈ -

1) ਜਨਮ

2) ਮੌਤ

3) ਸ਼ਰਾਧ

4) ਵਿਆਹ

---

Ques # :106

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਬਾ ਫ਼ਰੀਦ ਦੇ ਸ਼ਬਦਾਂ ਵਿੱਚ ਕਿਹੜੇ ਰਾਗਾਂ ਦੀ ਵਰਤੋਂ ਹੋਈ ਹੈ -

1) ਰਾਗ ਆਸਾ ਤੇ ਸੂਹੀ

2) ਰਾਗ ਆਸਾ ਤੇ ਮਾਝ

3) ਰਾਗ ਮਾਝ ਤੇ ਤੁਖਾਰੀ

4) ਰਾਗ ਮਾਝ ਤੇ ਮਲਾਰ

---

Ques # :107

ਸ੍ਰੀ ਗੁਰੂ ਨਾਨਕ ਦੇਵ ਦਵਾਰਾ ਰਚਿਤ ਬਾਣੀ 'ਬਾਰਾਮਾਹ' ਕਿਸ ਰਾਗ ਵਿੱਚ ਹੈ -

1) ਆਸਾ

2) ਮਾਝ

3) ਮਲਾਰ

4) ਤੁਖਾਰੀ

---

Ques # :108

ਪੰਜਾਬੀ ਦਾ ਪਹਿਲਾ ਵਿਆਕਰਨ ਕਦੋਂ ਤੇ ਕਿਸ ਨੇ ਲਿਖਿਆ –

1)

adda247

1812 ਈ. – ਵਿਲੀਅਮ ਕੇਰੀ

2) 1852 ਈ. – ਜਾਹਨ ਨਿਊਟਨ

3) 1838 ਈ. – ਸੀ. ਬੀ. ਲੀਚ

4) 1809 ਈ. – ਸਰ ਰਿਚਰਡ ਟੈਂਪਲ

---

Ques # :109

'ਜੈਤਸਰੀ ਦੀ ਵਾਰ' ਕਿਸ ਗੁਰੂ-ਕਵੀ ਦੀ ਰਚਨਾ ਹੈ -

1) ਸ੍ਰੀ ਗੁਰੂ ਨਾਨਕ ਦੇਵ

2) ਸ੍ਰੀ ਗੁਰੂ ਅਮਰਦਾਸ

3) ਸ੍ਰੀ ਗੁਰੂ ਅੰਗਦ ਦੇਵ

4) ਸ੍ਰੀ ਗੁਰੂ ਅਰਜਨ ਦੇਵ

---

Ques # :110

| ਸੂਚੀ 1 | ਸੂਚੀ 2 |
|---|---|
| ੳ. ਬਾਬਾ ਫ਼ਰੀਦ | 1 ਮਲਾਮਤੀ |
| ਅ. ਸ਼ਾਹ ਹੁਸੈਨ | 2 ਰੌਸ਼ਨੀਆਂ |
| ੲ. ਮੀਆਂ ਵਜੀਦ | 3 ਚਿਸ਼ਤੀ |
| ਸ. ਬੁੱਲ੍ਹੇਸ਼ਾਹ | 4 ਕਾਦਰੀ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ -

1)
| ੳ | ਅ | ੲ | ਸ |
|---|---|---|---|
| 1 | 2 | 3 | 4 |

2)
| ੳ | ਅ | ੲ | ਸ |
|---|---|---|---|
| 3 | 1 | 2 | 4 |

3)
| ੳ | ਅ | ੲ | ਸ |
|---|---|---|---|
| 3 | 1 | 4 | 2 |

4)
| ੳ | ਅ | ੲ | ਸ |
|---|---|---|---|
| 3 | 2 | 4 | 1 |

---

Ques # :111

adda247

ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਦਾ ਮੁੱਖ ਪਾਤਰ ਹੈ-

1) ਜਗਸੀਰ
2) ਬਿਸ਼ਨਾ
3) ਭਾਨੇ
4) ਮੋਦਨ

---

Ques # :112

ਲੱਸੀ ਪੈਰ ਪਾਇਆ ਜਾਂਦਾ ਹੈ -

1) ਬਰਾਤ ਚੜ੍ਹਨ ਤੋਂ ਬਾਅਦ
2) ਸਿਹਰਾ ਬੰਨ੍ਹਣ ਤੋਂ ਬਾਅਦ
3) ਕਲਗੀ ਬੰਨ੍ਹਣ ਤੋਂ ਬਾਅਦ
4) ਬਰਾਤ ਚੜ੍ਹਨ ਤੋਂ ਪਹਿਲਾਂ

---

Ques # :113

' ਮੇਰਾ ਆਖਰੀ ਸਫ਼ਰਨਾਮਾ ' ਕਿਸ ਸਫ਼ਰਨਾਮਾਕਾਰ ਦੀ ਕਿਰਤ ਹੈ -

1) ਹੀਰਾ ਸਿੰਘ ਦਰਦ
2) ਡਾ. ਗੰਡਾ ਸਿੰਘ
3) ਲਾਲ ਸਿੰਘ ਕਮਲਾ ਅਕਾਲੀ
4) ਮਨਮੋਹਨ ਬਾਵਾ

adda247

---

Ques # :114

ਭਾਈ ਗੁਰਦਾਸ ਦੀ ਤੁਕ – "ਆਪਨੜੈ ਹਥਿ ਆਰਸੀ , ਆਪੇ ਹੀ ਵੇਖੈ |"
ਨੂੰ ਆਧਾਰ ਬਣਾ ਕੇ ਕਿਸ ਲੇਖਕ ਨੇ ਸਵੈ- ਜੀਵਨੀ ਲਿਖੀ ਹੈ -

1) ਗੁਰਬਖ਼ਸ਼ ਸਿੰਘ
2) ਕਪੂਰ ਸਿੰਘ
3) ਪ੍ਰਿ. ਤੇਜਾ ਸਿੰਘ
4)

ਪ੍ਰੋ. ਪੂਰਨ ਸਿੰਘ

---

Ques # :115

ਮਾਲਵੇ ਦੇ ਇੱਕ ਪਿੰਡ ਨੂੰ ਕੇਂਦਰ-ਬਿੰਦੂ ਥਾਪ ਕੇ ਪੰਜਾਬ ਦੇ ਸਭਿਆਚਾਰ ਬਾਰੇ ਵਿਸ਼ਾਲ ਚਿੱਤਰ ਪੇਸ਼ ਕੀਤਾ ਹੈ -

1) ਰਾਮ ਸਰੂਪ ਅਣਖੀ ਨੇ
2) ਵਣਜਾਰਾ ਬੇਦੀ ਨੇ
3) ਗਿਆਨੀ ਗੁਰਦਿੱਤ ਸਿੰਘ ਨੇ
4) ਦਲੀਪ ਕੌਰ ਟਿਵਾਣਾ ਨੇ

---

Ques # :116

ਕਿਹੜੇ ਸੂਫ਼ੀ ਕਵੀ ਨੂੰ ਹਾਸਰਸ ਧਾਰਾ ਨਾਲ ਜੋੜਿਆ ਜਾ ਸਕਦਾ ਹੈ -

1) ਅਲੀ ਹੈਦਰ
2) ਸ਼ਾਹ ਹੁਸੈਨ
3) ਵਜੀਦ
4) ਫ਼ਰਦ ਫ਼ਕੀਰ

---

Ques # :117

ਗੁਰੂ ਨਾਨਕ ਦੇਵ ਜੀ ਨੇ ਕਿੰਨੇ ਰਾਗਾਂ ਵਿੱਚ ਬਾਣੀ ਰਚੀ -

1) 19
2) 20
3) 21
4) 22

---

Ques # :118

ਭਾਈ ਗੁਰਦਾਸ ਨੂੰ ਕਿਸ ਵਿਦਵਾਨ ਨੇ ਪੰਜਾਬੀ ਦਾ 'ਸੈਂਟਪਾਲ' ਕਿਹਾ ਹੈ-

1) ਸੰਤ ਸਿੰਘ ਸੇਖੋਂ
2)

adda247

ਡਾ. ਮੋਹਨ ਸਿੰਘ

3) ਪ੍ਰਿ. ਸਾਹਿਬ ਸਿੰਘ

4) ਡਾ . ਸਤਿੰਦਰ ਸਿੰਘ ਨੂਰ

---

Ques # :119

" ਅੱਵਲ ਹਮਦ ਖ਼ੁਦਾਏ ਦਾ ਵਿਰਦ ਕੀਜੈ ,
ਇਸ਼ਕ ਕੀਤਾ ਸੁ ਜਗ ਦਾ ਮੂਲ ਮੀਆਂ |
ਪਹਿਲਾਂ ਆਪ ਹੀ ਰੱਬ ਨੇ ਇਸ਼ਕ ਕੀਤਾ ,
ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ |"
'ਖ਼ੁਦਾ ਦੀ ਮਹਿਮਾ' ਵਿੱਚ ਉਪਰੋਕਤ ਸਤਰਾਂ ਕਿਸ ਕਿੱਸਾਕਾਰ ਨੇ ਲਿਖੀਆਂ ਹਨ -

1) ਵਾਰਸ ਸ਼ਾਹ

2) ਦਮੋਦਰ

3) ਹਾਫ਼ਿਜ ਬਰਖ਼ੁਰਦਾਰ

4) ਹਾਸ਼ਮ ਸ਼ਾਹ

---

Ques # :120

ਕਾਦਰਯਾਰ ਦਾ 'ਪੂਰਨ – ਭਗਤ ' ਕਿਸ ਛੰਦ ਵਿੱਚ ਹੈ -

1) ਕੋਰੜਾ

2) ਦਵਈਆ

3) ਬੈਂਤ

4) ਕਬਿੱਤ

---

Ques # :121

ਦੁਆਬੇ ਦੇ ਇਲਾਕੇ ਦਾ ਨਾਟਕਕਾਰ ਹੈ -

1) ਗੁਰਦਿਆਲ ਸਿੰਘ ਫੁੱਲ

2) ਪਾਂਧੀ ਨਨਕਾਣਵੀਂ

3) ਕਪੂਰ ਸਿੰਘ ਘੁੰਮਣ

4) ਚਰਨਦਾਸ ਸਿੱਧੂ

adda247

Ques # :122

ਪੰਜਾਬੀ ਵਿੱਚ ਵਾਰ ਕਾਵਿ ਦੇ ਸਭ ਤੋਂ ਪ੍ਰਸਿਧ ਛੰਦ ਹਨ -

1) ਪਉੜੀ ਤੇ ਕੋਰੜਾ
2) ਨਿਸ਼ਾਨੀ ਤੇ ਸਿਰਖੰਡੀ
3) ਨਿਸ਼ਾਨੀ ਤੇ ਦਵਈਆ
4) ਦਵਈਆ ਤੇ ਬੈਂਤ

Ques # :123

ਸਰ ਰਿਚਰਡ ਟੈਂਪਲ ਨੇ ਕਿਹੜੇ ਕਿੱਸਾਕਾਰ ਦਾ ਕਿੱਸਾ ਢਾਡੀਆਂ , ਮਰਾਸੀਆਂ ਪਾਸੋਂ ਸੁਣ ਕੇ ' Legends of the Punjab ' ਪੁਸਤਕ ਵਿੱਚ ਪ੍ਰਕਾਸ਼ਿਤ ਕੀਤਾ –

1) ਪੀਲੂ
2) ਫ਼ਜ਼ਲ ਸ਼ਾਹ
3) ਮੁਕਬਲ
4) ਦਮੋਦਰ

Ques # :124

' ਭਰਥਰੀ ਹਰੀ ' ਕਿੱਸੇ ਦਾ ਕਰਤਾ ਕੌਣ ਹੈ -

1) ਪ੍ਰੋ . ਪੂਰਨ ਸਿੰਘ
2) ਧਨੀ ਰਾਮ ਚਾਤ੍ਰਿਕ
3) ਫਿਰੋਜ਼ਦੀਨ ਸ਼ਰਫ਼
4) ਭਾਈ ਵੀਰ ਸਿੰਘ

Ques # :125

ਪੰਜਾਬੀ ਨਾਟਕ ਨੂੰ ਐਬਸਰਡ-ਵਾਦ ਦੀ ਪਰੰਪਰਾ ਨਾਲ ਕਿਹੜੇ ਨਾਟਕਕਾਰ ਨੇ ਜੋੜਿਆ -

1) ਅਜਮੇਰ ਸਿੰਘ ਔਲਖ
2) ਹਰਚਰਨ ਸਿੰਘ

3) ਆਈ. ਸੀ. ਨੰਦਾ

4) ਸੁਰਜੀਤ ਸਿੰਘ ਸੇਠੀ

---

Ques # :126

ਡਾ. ਪ੍ਰੇਮਪ੍ਰਕਾਸ਼ ਸਿੰਘ ਕਿਹੜੀ ਅਪਭ੍ਰੰਸ਼ ਵਿਚੋਂ ਪੰਜਾਬੀ ਦਾ ਨਿਕਾਸ ਵੇਖਦੇ ਹਨ -

1) ਕੈਕਈ

2) ਸ਼ੌਰਸ਼ੈਨੀ

3) ਪੈਸ਼ਾਚੀ

4) ਪਾਲ਼ੀ

---

Ques # :127

ਸੋਹਿੰਦਰ ਸਿੰਘ ਬੇਦੀ ਅਨੁਸਾਰ ਪੰਜਾਬੀ ਦਾ ਸਭ ਤੋਂ ਛੋਟਾ ਕਾਵਿ-ਰੂਪ (ਲੋਕ-ਕਾਵਿ) ਕਿਹੜਾ ਹੈ -

1) ਘੋੜੀ

2) ਬੋਲੀ

3) ਅਲਾਹੁਣੀ

4) ਸੁਹਾਗ

---

Ques # :128

' ਚੋਰ ਭੁਲਾਈ ' ਦੀ ਰਸਮ ਕਦੋਂ ਕੀਤੀ ਜਾਂਦੀ ਹੈ -

1) ਸਮਸ਼ਾਨ ਭੂਮੀ ਵੱਲ ਜਾਂਦਿਆਂ ਰਾਹ ਵਿੱਚ

2) ਚਿਖਾ ਤਿਆਰ ਕਰਨ ਸਮੇਂ

3) ਫੁੱਲ ਚੁਗਣ ਸਮੇਂ

4) ਸੰਸਕਾਰ ਕਰਕੇ ਵਾਪਸ ਪਰਤਦੇ ਸਮੇਂ

---

Ques # :129

ਪੰਜਾਬੀ ਭਾਸ਼ਾ ਦੀ ਸੁਰ-ਯੰਤਰੀ ਧੁਨੀ ਕਿਹੜੀ ਹੈ -

1) ਕ

2) ੜ
3) ਹ
4) ਪ

---

Ques # :130

ਗੁਰਮੁਖੀ ਦਾ ਕਿਹੜਾ ਅੱਖਰ ਅਰਧ-ਸਵਰ ਹੈ -

1) ਨ
2) ਅ
3) ਯ
4) ਰ

---

Ques # :131

ਵਿਆਖਿਆ ਵਿਧੀ ਦੀਆਂ ਕਿੰਨੀਆਂ ਉਪ- ਵਿਧੀਆਂ ਹਨ -

1) ਦੋ
2) ਤਿੰਨ
3) ਚਾਰ
4) ਸੱਤ

---

Ques # :132

ਸੁਕਰਾਤ ਨੇ ਸਭ ਤੋਂ ਪਹਿਲਾਂ ਕਿਸ ਵਿਧੀ ਦਾ ਪ੍ਰਯੋਗ ਕੀਤਾ ਸੀ –

1) ਵਿਆਖਿਆ ਵਿਧੀ
2) ਸਮੀਖਿਆ ਵਿਧੀ
3) ਆਲੋਚਨਾ ਵਿਧੀ
4) ਪ੍ਰਸ਼ਨ-ਉੱਤਰ ਵਿਧੀ

---

Ques # :133

‘ ਸਮੀਖਿਆ ਵਿਧੀ ‘ ਦਾ ਕਿਸ ਪੱਧਰ ਤੇ ਪ੍ਰਯੋਗ ਵਧੇਰੇ ਲਾਹੇਵੰਦ ਹੋਵੇਗਾ –

1) ਸੈਕੰਡਰੀ

adda247

2) ਗਰੈਜੂਏਟ

3) ਮਿਡਲ

4) ਪ੍ਰਾਇਮਰੀ

---

Ques # :134

' ਪ੍ਰਤੱਖ ਭਾਸ਼ਾ ਵਿਧੀ ' ਕਿਸ ਵਿਧਾ ਦੀ ਸਿੱਖਿਆ-ਵਿਧੀ ਹੈ -

1) ਕਵਿਤਾ

2) ਉਪ ਭਾਸ਼ਾ ਵਿਗਿਆਨ

3) ਵਿਆਕਰਨ

4) ਕਹਾਣੀ

---

Ques # :135

ਨਾਟਕ ਤੇ ਇਕਾਂਗੀ ਅਧਿਆਪਨ ਲਈ ਸਭ ਤੋਂ ਲਾਭਦਾਇਕ ਸਿੱਖਿਆ-ਵਿਧੀ ਹੈ -

1) ਅਭਿਨੈ – ਵਿਧੀ

2) ਪ੍ਰਸ਼ਨ – ਉੱਤਰ ਵਿਧੀ

3) ਅਰਥ – ਕਥਨ ਵਿਧੀ

4) ਵਿਆਖਿਆ ਵਿਧੀ

adda 247

---

Ques # :136

ਕਹਾਣੀ ਸਿੱਖਿਆ ਵਿੱਚ ਕਿਹੜੀ ਵਿਧੀ ਪ੍ਰਯੋਗ ਨਹੀਂ ਕੀਤੀ ਜਾਂਦੀ -

1) ਅਰਥ – ਕਥਨ ਵਿਧੀ

2) ਵਿਆਖਿਆ ਵਿਧੀ

3) ਅਭਿਨੈ – ਵਿਧੀ

4) ਵਿਸ਼ਲੇਸ਼ਣ ਵਿਧੀ

---

Ques # :137

' ਨਿਯਮ – ਉਦਾਹਰਨ ' ਵਿਧੀ ਕਿਹੜੀ ਹੈ –

1) ਆਗਮਨ ਵਿਧੀ
2) ਨਿਗਮਨ ਵਿਧੀ
3) ਪ੍ਰਯੋਗ ਵਿਧੀ
4) ਸਹਿਯੋਗ ਵਿਧੀ

---

Ques # :138

ਕਿਹੜੀਆਂ ਕਵਿਤਾਵਾਂ ਦੇ ਅਧਿਆਪਨ ਸਮੇਂ ' ਪ੍ਰਸ਼ਨ – ਉੱਤਰ ਵਿਧੀ ' ਪ੍ਰਯੋਗ ਕੀਤੀ ਜਾ ਸਕਦੀ ਹੈ –

1) ਇਤਿਹਾਸਕ
2) ਵਰਣਾਤਮਿਕ
3) ਮਹਾਂ – ਕਾਵਿਕ ਖੰਡ
4) ਉਪਰੋਕਤ ਸਾਰਿਆਂ ਵਿੱਚ

---

Ques # :139

ਮੁੱਢਲੇ ਪੱਧਰ ਉੱਪਰ ਉਚਾਰਨ ਦੀ ਸ਼ੋਧ ਲਈ ਕਿਹੜਾ ਅਨੁਕਰਣ-ਪਾਠ ਕਰਵਾਇਆ ਜਾ ਸਕਦਾ ਹੈ –

1) ਵਿਅਕਤੀਗਤ
2) ਸਮੂਹਿਕ
3) ਮੌਨ
4) ਉਪਰੋਕਤ ਵਿਚੋਂ ਕੋਈ ਨਹੀਂ

adda247

---

Ques # :140

ਕਥਾ-ਵਿਧੀ ਤੋਂ ਭਾਵ ਹੈ –

1) ਸ਼ਬਦਾਰਥ ਵਿਧੀ
2) ਅਰਥ-ਕਥਨ ਵਿਧੀ
3) ਵਿਆਸ ਵਿਧੀ
4) ਸਮੀਖਿਆ ਵਿਧੀ

---

Ques # :141

ਸੂਤਰ ਵਿਧੀ ਤੇ ਪਾਠ-ਪੁਸਤਕ ਵਿਧੀ ਕਿਸ ਸਿੱਖਿਆ-ਵਿਧੀ ਦੇ ਭਾਗ ਹਨ -

1) ਪ੍ਰਤੱਖ ਭਾਸ਼ਾ ਵਿਧੀ
2) ਨਿਗਮਨ ਵਿਧੀ
3) ਆਗਮਨ ਵਿਧੀ
4) ਪ੍ਰਯੋਗ ਵਿਧੀ

---

Ques # :142

ਕਿਹੜੀ ਨਾਟ ਅਧਿਐਨ ਪ੍ਰਣਾਲੀ ਵਿੱਚ ਵਿਦਿਆਰਥੀ ਸਰੋਤਾ ਤੇ ਦਰਸ਼ਕ ਬਣ ਕੇ ਨਾਟਕ ਦਾ ਰਸ ਅਤੇ ਸਵਾਦ ਮਾਣਦੇ ਹਨ -

1) ਅਭਿਨੈ ਪ੍ਰਣਾਲੀ
2) ਅਰਥ – ਕਥਨ ਪ੍ਰਣਾਲੀ
3) ਵਿਆਖਿਆ ਪ੍ਰਣਾਲੀ
4) ਆਦਰਸ਼ ਨਾਟ – ਪਾਠ ਪ੍ਰਣਾਲੀ

---

Ques # :143

ਸੈਕੰਡਰੀ ਪੱਧਰ ਉੱਤੇ ਕਿਸ ਤਰਾਂ ਦੀਆਂ ਕਹਾਣੀਆਂ ਪੜਾਉਣੀਆਂ ਚਾਹੀਦੀਆਂ ਹਨ -

1) ਭਾਵ ਪ੍ਰਧਾਨ
2) ਚਰਿੱਤਰ ਪ੍ਰਧਾਨ
3) ਘਟਨਾ ਪ੍ਰਧਾਨ
4) ਤਿੰਨੇ ਹੀ

---

Ques # :144

ਵਾਰਤਕ ਦੇ ਅਧਿਆਪਨ ਦੀ ਪਰੰਪਰਾਗਤ ਵਿਧੀ ਹੈ -

1) ਪ੍ਰਸ਼ਨ-ਉੱਤਰ ਸਿੱਖਿਆ ਵਿਧੀ
2) ਵਿਆਖਿਆ ਵਿਧੀ
3) ਸਮੀਖਿਆ ਵਿਧੀ
4) ਅਰਥ-ਬੋਧ ਵਿਧੀ

Ques # :145

ਨਿਬੰਧ ਅਧਿਐਨ ਦੀ ਉਹ ਕਿਹੜੀ ਵਿਧੀ ਹੈ , ਜਿਸ ਵਿੱਚ ਅਧਿਆਪਕ ਤੇ ਵਿਦਿਆਰਥੀ ਦੋਹਾਂ ਦੀ ਸ਼ਮੂਲੀਅਤ ਹੁੰਦੀ ਹੈ -

1) ਅਰਥ-ਬੋਧ ਵਿਧੀ
2) ਪ੍ਰਸ਼ਨ-ਉੱਤਰ ਸਿੱਖਿਆ ਵਿਧੀ
3) ਵਿਆਖਿਆ ਵਿਧੀ
4) ਆਦਰਸ਼ ਨਾਟ-ਪਾਠ ਵਿਧੀ

Ques # :146

ਨਿਗਮਨ ਤੇ ਆਗਮਨ ਵਿਧੀ ਦੇ ਅੱਗੇ ਕਿੰਨੇ-ਕਿੰਨੇ ਭਾਗ ਹਨ -

1) ਦੋ – ਦੋ
2) ਇੱਕ – ਇੱਕ
3) ਤਿੰਨ – ਤਿੰਨ
4) ਚਾਰ – ਚਾਰ

Ques # :147

ਵਾਰਤਕ ਸਿੱਖਿਆ ਪ੍ਰਣਾਲੀ ਵਿੱਚ ਵਿਆਖਿਆ ਵਿਧੀ ਦਾ ਸੁਧਰਿਆ ਹੋਇਆ ਰੂਪ ਕਿਹੜਾ ਹੈ -

1) ਵਿਸ਼ਲੇਸ਼ਣ ਵਿਧੀ
2) ਸਮੀਖਿਆ ਵਿਧੀ
3) ਅਰਥ – ਬੋਧ ਵਿਧੀ
4) ਪ੍ਰਸ਼ਨ – ਉੱਤਰ ਸਿੱਖਿਆ ਵਿਧੀ

Ques # :148

ਵਾਰਤਕ ਸਿੱਖਿਆ ਦੀ ਕਿਹੜੀ ਵਿਧੀ ਇਹ ਕਹਿੰਦੀ ਹੈ ਕਿ ਦੁਨੀਆਂ ਦਾ ਸੰਪੂਰਨ ਗਿਆਨ ਬੱਚੇ ਦੇ ਅੰਦਰ ਨਿਹਿਤ ਹੈ -

1) ਅਰਥ – ਬੋਧ ਵਿਧੀ
2) ਵਿਆਖਿਆ ਵਿਧੀ

3) ਪ੍ਰਸ਼ਨ – ਉੱਤਰ ਸਿੱਖਿਆ ਵਿਧੀ

4) ਵਿਸ਼ਲੇਸ਼ਣ ਵਿਧੀ

---

Ques # :149

ਨਾਟਕ ਪੜਾਉਣ ਦੀ ਸਭ ਤੋਂ ਪੁਰਾਣੀ ਵਿਧੀ ਕਿਹੜੀ ਮੰਨੀ ਜਾਂਦੀ ਹੈ -

1) ਸੰਯੁਕਤ ਵਿਧੀ

2) ਵਿਆਖਿਆ ਵਿਧੀ

3) ਅਰਥ ਕਥਨ ਵਿਧੀ

4) ਅਭਿਨੈ ਵਿਧੀ

---

Ques # :150

ਕਿਹੜੀ ਵਿਧੀ ਛੋਟੇ ਬੱਚਿਆਂ ਨੂੰ ਕਵਿਤਾ ਪੜਾਉਣ ਲਈ ਬਹੁਤੀ ਢੁੱਕਵੀਂ ਹੈ –

1) ਗੀਤ ਜਾਂ ਨਾਟ ਵਿਧੀ

2) ਸ਼ਬਦਾਰਥ ਵਿਧੀ

3) ਪ੍ਰਸ਼ਨ - ਉੱਤਰ ਵਿਧੀ

4) ਵਿਆਖਿਆ ਵਿਧੀ

---

adda247